# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਕੰਡਰੀ ਸਿੱਖਿਆ) ਪੰਜਾਬ

ਹੁਕਮ ਨੰ : 10/34-13 ਅ-3(2)(ਕੋ:ਸੈਲ-4)/

ਮਿਤੀ : 24.12.2015

ਦੋਸ਼ ਸੂਚੀ

ਸ਼੍ਰੀ ਗੋਪਾਲ ਕ੍ਰਿਸ਼ਨ, ਮੈਥ ਮਾਸਟਰ, ਸਹਸ ਰੋੜ ਮਜਾਰਾ, ਜਿਲ੍ਹਾ ਹੁਸ਼ਿਆਰਪੁਰ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਸ ਦੇ ਵਿਰੁੱਧ ਪੰਜਾਬ ਸਿਵਲ ਸੇਵਾਵਾਂ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋ ix) ਤਹਿਤ ਇਸ ਪੱਤਰ ਨਾਲ ਨੱਥੀ ਕੀਤੇ ਦੋਸ਼ ਵਿਵਰਣ ਵਿੱਚ ਦਰਸਾਏ ਦੋਸ਼ਾਂ ਸਬੰਧੀ ਕਾਰਵਾਈ ਕਰਨ ਦੀ ਤਜ਼ਵੀਜ਼ ਹੈ ।

2. ਕਰਮਚਾਰੀ ਨੂੰ ਇਸ ਪੱਤਰ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸ ਪੱਤਰ ਦੀ ਪਹੁੰਚ ਤੋ 21 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ ਦੱਸੇ ਕਿ ਉਹ ਇਹਨਾਂ ਸਾਰਿਆਂ ਜਾਂ ਕਿਸੇ ਦੋਸ਼ ਨੂੰ ਮੰਨਦਾ ਹੈ ਜਾਂ ਇਸ ਬਾਰੇ ਕੋਈ ਜਵਾਬ ਪੇਸ਼ ਕਰਨਾ ਚਾਹੁੰਦਾ ਹੈ।

3. ਉਸ ਨੂੰ ਇਸ ਪੱਤਰ ਰਾਂਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਉਹ ਆਪਣਾ ਲਿਖਤੀ ਜਵਾਬ ਤਿਆਰ ਕਰਨ ਲਈ ਕੋਈ ਸਬੰਧਤ ਰਿਕਾਰਡ ਵੇਖਣਾ ਚਾਹੇ ਤਾਂ ਉਹ ਡਾਇਰੈਕਟੋਰੇਟ/ਸਬੰਧਤ ਜਿਲਾ ਸਿਖਿਆ ਅਫਸਰ (ਸੈ:ਸਿ) ਦੇ ਦਫਤਰ ਵਿਚ ਇਸ ਪੱਤਰ ਦੀ ਪਹੁੰਚ ਤੋ ਇੱਕ ਹਫਤੇ ਦੇ ਅੰਦਰ-ਅੰਦਰ ਵੇਖ ਸਕਦਾ ਹੈ। ਉਸ ਨੂੰ ਇਹ ਦੱਸਿਆ ਜਾਂਦਾ ਹੈ ਕਿ ਉਸ ਨੂੰ ਕੇਵਲ ਉਹੀ ਰਿਕਾਰਡ ਵਿਖਾਇਆ ਜਾਵੇਗਾ ਜੋ ਉਪਰੋਕਤ ਅਫਸਰ ਦੇ ਪਾਸ ਹੋਵੇਗਾ ਅਤੇ ਜਿਸ ਦਾ ਸਿੱਧਾ ਸਬੰਧ ਇਸ ਕੇਸ ਨਾਲ ਹੋਵੇਗਾ। ਜੇਕਰ ਉਸ ਅਫਸਰ ਦੀ ਰਾਇ ਵਿੱਚ ਇਹ ਰਿਕਾਰਡ ਵਿਖਾਉਣਾ ਲੋਕ ਹਿੱਤ ਵਿੱਚ ਨਹੀਂ ਹੋਵੇਗਾ ਤਾਂ ਉਹ ਰਿਕਾਰਡ ਵਿਖਾਉਣ ਤੋਂ ਨਾਂਹ ਕਰ ਸਕਦਾ ਹੈ। ਜੇਕਰ ਉਹ ਕੋਈ ਹੋਰ ਰਿਕਾਰਡ, ਜੋ ਉਕਤ ਅਧਿਕਾਰੀ ਦੇ ਦਫਤਰ ਕੋਲ ਨਾ ਹੋਵੇ, ਵੇਖਣਾ ਚਾਹੇ ਤਾਂ ਅਜਿਹੇ ਰਿਕਾਰਡ ਨੂੰ ਵੇਖਣ ਦਾ ਪ੍ਰਬਧ ਉਸਨੂੰ ਆਪ ਕਰਨਾ ਹੋਵੇਗਾ। ਐਪਰ ਉਸ ਦਾ ਸਬੰਧਤ ਰਿਕਾਰਡ ਨੂੰ ਨਾ ਵੇਖਣਾ ਉਸ ਦੇ ਲਿਖਤੀ ਜਵਾਬ ਦੇਰ ਨਾਲ ਦੇਣ ਦਾ ਯੋਗ ਕਾਰਣ ਨਹੀਂ ਮੰਨਿਆ ਜਾਵੇਗਾ ਅਤੇ ਲਿਖਤੀ ਜਵਾਬ ਇਸ ਪੱਤਰ ਦੇ ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਸਹੀ ਕਰਤਾ ਨੂੰ ਨਾ ਮਿਲਿਆ ਤਾਂ ਇਹ ਸਮਝਿਆ ਜਾਵੇਗਾ ਕਿ ਉਸ ਨੇ ਕੋਈ ਜਵਾਬ ਨਹੀਂ ਦੇਣਾ। ਜਵਾਬ ਨਾ ਦੇਣ ਦੀ ਸੂਰਤ ਵਿੱਚ ਕੇਸ ਦਾ ਇਕ ਤਰਫਾਂ ਫੈਸਲਾ ਕੇਸ ਦੇ ਗੁਣ ਦੋਸ਼ਾਂ ਦੇ ਆਧਾਰ ਤੇ ਕਰ ਦਿੱਤਾ ਜਾਵੇਗਾ।

ਲਿੱਖਤੀ ਜਵਾਬ ਇਸ ਪੱਤਰ ਦੀ ਪਹੁੰਚ ਤੋਂ 21 ਦਿਨ ਦੇ ਅੰਦਰ-ਅੰਦਰ ਜ਼ਿਲ੍ਹਾ ਸਿਖਿਆ ਅਫਸਰ (ਸੈ:ਸਿ:), ਹੁਸ਼ਿਆਰਪੁਰ ਰਾਂਹੀਂ ਭੇਜਿਆ ਜਾਵੇ ਅਤੇ ਇਸ ਦੀ ਇੱਕ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

(ਰਜਿ)

ਸ਼੍ਰੀ ਗੋਪਾਲ ਕ੍ਰਿਸ਼ਨ, ਮੈਥ ਮਾਸਟਰ,
ਸਹਸ ਰੋੜ ਮਜਾਰਾ, ਜਿਲ੍ਹਾ ਹੁਸ਼ਿਆਰਪੁਰ

ਪਿੱਠ ਅੰਕਣ ਨੰ: 202-03 ਮਿਤੀ :ਐਸ.ਏ.ਐਸ ਨਗਰ 4/1/16

ਉਤਾਰਾ ਹੇਠ ਲਿਖਿਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਕਰਮਚਾਰੀ ਦਾ ਉੱਤਰ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਪ੍ਰਾਪਤ ਕਰਕੇ ਆਪਣੀ ਟਿੱਪਣੀ ਸਹਿਤ ਇਸ ਦਫਤਰ ਨੂੰ ਭੇਜਿਆ ਜਾਵੇ।

1. ਜਿਲਾ ਸਿਖਿਆ ਅਫਸਰ (ਸੈ: ਸਿੱ:), ਹੁਸ਼ਿਆਰਪੁਰ।
2. ਮੁੱਖਅਧਿਆਪਕ, ਸਹਸ ਰੋੜ ਮਜਾਰਾ, ਜ਼ਿਲ੍ਹਾ ਹੁਸਿਆਰਪੁਰ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

Not

## ਦੋਸ ਸੂਚੀ

ਸ਼੍ਰੀ ਗੋਪਾਲ ਕ੍ਰਿਸ਼ਨ, ਮੈਥ ਮਾਸਟਰ, ਸਹਸ ਰੋੜ ਮਾਜਰਾ, ਜ਼ਿਲ੍ਹਾ ਹੁਸ਼ਿਆਰਪੁਰ ਮਿਤੀ 08-03-2013 ਤੋਂ ਅਣ-ਅਧਿਕਾਰਤ ਤੌਰ ਤੇ ਆਪਣੀ ਡਿਊਟੀ ਤੋਂ ਲਗਾਤਾਰ ਗੈਰ-ਹਾਜ਼ਰ ਚੱਲਿਆ ਆ ਰਿਹਾ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦੋਸ਼ ਵਿਵਰਣ

ਸ਼੍ਰੀ ਗੋਪਾਲ ਕ੍ਰਿਸ਼ਨ, ਮੈਥ ਮਾਸਟਰ, ਸਹਸ ਰੋੜ ਮਾਜਰਾ, ਜ਼ਿਲ੍ਹਾ ਹੁਸ਼ਿਆਰਪੁਰ ਵਿਰੁੱਧ ਦੋਸ਼ ਹੈ ਕਿ ਉਹ ਮਿਤੀ 08-03-2013 ਤੋਂ ਆਪਣੀ ਡਿਊਟੀ ਤੋਂ ਜਾਣ ਬੁੱਝ ਕੇ ਅਣ-ਅਧਿਕਾਰਤ ਤੌਰ ਤੇ ਗੈਰ-ਹਾਜ਼ਰ ਚਲਿਆ ਆ ਰਿਹਾ ਹੈ।

ਅਜਿਹਾ ਕਰਕੇ ਕਰਮਚਾਰੀ ਨੇ ਕੰਡਕਟ ਰੂਲਾਂ ਦੀ ਘੋਰ ਉਲੰਘਣਾ ਕੀਤੀ ਹੈ ਅਤੇ ਆਪਣੇ ਆਪ ਨੂੰ ਦੋਸ਼ੀ ਬਣਾਇਆ ਹੈ ਅਤੇ ਪੰਜਾਬ ਸਿਵਲ ਸੇਵਾ (ਸਜ਼ਾ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5 (v ਤੋਂ ix) ਅਧੀਨ ਸਜਾ ਦਾ ਭਾਗੀ ਬਣਾਇਆ ਹੈ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ

## ਦਸਤਾਵੇਜਾਂ ਦੀ ਸੂਚੀ

1 ਕਰਮਚਾਰੀ ਦੀ ਗੈਰ ਹਾਜ਼ਰੀ ਬਾਰੇ ਜ਼ਿਲਾ ਸਿਖਿਆ ਅਫਸਰ (ਸੈ:ਸਿ:), ਹੁਸਿਆਰਪੁਰ ਦੇ ਦਫਤਰ ਦੀ ਸਬੰਧਤ ਮਿਸਲ।

2 ਸਬੰਧਤ ਸਕੂਲ ਦਾ ਹਾਜ਼ਰੀ ਰਜਿਸਟਰ ਅਤੇ ਹੋਰ ਰਿਕਾਰਡ।

ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ

## ਗਵਾਹਾਂ ਦੀ ਸੂਚੀ

1. ਜ਼ਿਲਾ ਸਿਖਿਆ ਅਫਸਰ (ਸੈ:ਸਿ:), ਹੁਸਿਆਰਪੁਰ ਦੇ ਦਫਤਰ ਦਾ ਸਬੰਧਤ ਡੀਲਿੰਗ ਸਹਾਇਕ।

2. ਸਬੰਧਤ ਸਕੂਲ ਮੁੱਖੀ।

ਡਾਇਰੈਕਟਰ ਸਿੱਖਿਆ ਵਿਭਾਗ(ਸੈ:ਸਿ) ਪੰਜਾਬ